# ਦੁਸ਼ਮਣੀ

ਵੰਦਨਾ ਨੇ ਗ਼ਮਲਿਆਂ ਵਿਚ ਕੁਮਲਾਏ ਹੋਏ ਬੂਟਿਆਂ ਵੱਲ ਵੇਖਿਆ। ਵੇਖ ਕੇ ਉਹਦਾ ਚਿਹਰਾ ਵੀ ਕੁਮਲਾ ਗਿਆ। ਉਹਦੇ ਦਿਲ ਵਿਚ ਜਿਵੇਂ ਕੰਡਾ ਚੁੱਭ ਗਿਆ ਹੋਵੇ। ਬੂਟੇ ਕੱਲ੍ਹ ਨਾਲੋਂ ਹੋਰ ਜ਼ਿਆਦਾ ਪੀਲੇ ਅਤੇ ਮਰੀਅਲ ਦਿਸ ਰਹੇ ਸਨ। ਹਰੇ ਪੱਤੇ ਪੀਲੇ ਹੋ ਰਹੇ ਸਨ ਅਤੇ ਪੀਲੇ ਪੱਤੇ ਸੁੱਕ ਕੇ ਝੜ ਰਹੇ ਸਨ। ਇਹ ਸਭ ਕੁਝ ਉਹਦੀਆਂ ਅੱਖਾਂ ਸਾਹਮਣੇ ਹੋ ਰਿਹਾ ਸੀ। ਉਹ ਪਿਛਲੇ ਕਈ ਦਿਨਾਂ ਤੋਂ ਰੋਜ਼ਾਨਾ ਵੇਖਦੀ ਆ ਰਹੀ ਸੀ। ਉਹ ਸਵੇਰੇ-ਸ਼ਾਮ ਛੱਤ ਉੱਤੇ ਪਾਣੀ ਦੀ ਟੈਂਕੀ ਵੇਖਣ ਆਉਂਦੀ ਕਿ ਉਹ ਭਰ ਗਈ ਕਿ ਨਹੀਂ। ਪਰ ਛੱਤ ਉੱਤੇ ਚਾਰੇ ਪਾਸੇ ਪਏ ਗ਼ਮਲੇ ਅਤੇ ਉਹਨਾਂ ਵਿੱਚ ਲੱਗੇ ਬੂਟੇ ਉਹਦਾ ਧਿਆਨ ਖਿੱਚਦੇ। ਜੂਨ ਮਹੀਨੇ ਦੀ ਗਰਮੀ ਵਿਚ ਬੂਟਿਆਂ ਦਾ ਬੁਰਾ ਹਾਲ ਹੋ ਰਿਹਾ ਸੀ। ਉਹਦਾ ਦਿਲ ਕਰਦਾ ਕਿ ਉਹ ਗ਼ਮਲਿਆਂ ਨੂੰ ਪਾਣੀ ਨਾਲ ਭਰ ਦੇਵੇ। ਫਿਰ ਉਹ ਉੱਤੇ ਅਸਮਾਨ ਵਲ ਵੇਖਦੀ। ਅਸਮਾਨ ਉੱਤੇ ਕਦੇ ਇਕਾ-ਦੁੱਕਾ ਬੱਦਲ ਦਿਸਦੇ ਤੇ ਕਦੇ ਬੱਦਲਾਂ ਦੀ ਭਰਮਾਰ। ਉਹਨੂੰ ਜਾਪਦਾ ਸ਼ਾਇਦ ਅੱਜ ਮੀਂਹ ਆ ਜਾਵੇ ਅਤੇ ਉਹਨੂੰ ਗ਼ਮਲਿਆਂ 'ਚ ਪਾਣੀ ਨਾ ਹੀ ਪਾਉਣਾ ਪਵੇ। ਟੀ.ਵੀ. 'ਤੇ ਰੋਜ਼ ਮੀਂਹ ਪੈਣ ਦੀ ਸੰਭਾਵਨਾ ਦੀਆਂ ਖ਼ਬਰਾਂ ਆਉਂਦੀਆਂ। ਉਹ ਸੋਚਦੀ ਸ਼ਾਇਦ ਅੱਜ ਮੀਂਹ ਆ ਜਾਵੇ ਤੇ ਬੂਟੇ ਸੁੱਕਣੋ ਬਚ ਜਾਣ।

ਇਹ ਸਾਰੇ ਗ਼ਮਲੇ ਅਰਚਨਾ ਦੇ ਸਨ। ਅਰਚਨਾ ਚੋਪੜਾ ਟੌਪ ਫਲੋਰ ਉੱਤੇ ਰਹਿੰਦੀ ਸੀ। ਉਹਨੂੰ ਫੁੱਲਾਂ-ਬੂਟਿਆਂ ਦਾ ਸ਼ੌਕ ਸੀ। ਉਹ ਛੱਤ 'ਤੇ ਟੈਰੇਸ ਗਾਰਡਨ ਬਣਾਉਣਾ ਚਾਹੁੰਦੀ ਸੀ। ਇਸ ਲਈ ਉਹਨੇ ਬਹੁਤ ਸਾਰੇ ਗ਼ਮਲਿਆਂ ਵਿਚ ਫੁੱਲ-ਬੂਟੇ ਲਾ ਕੇ ਛੱਤ ਉੱਤੇ ਸਜਾ ਰੱਖੇ ਸਨ। ਇਹਨਾਂ ਤੋਂ ਇਲਾਵਾ ਆਪਣੇ ਬੂਹੇ ਤੋਂ ਲੈ ਕੇ ਟੈਰੇਸ ਤਕ ਜਾਂਦੀਆਂ ਪੌੜੀਆਂ ਉੱਤੇ ਵੀ ਕੰਧ ਦੇ ਨਾਲ-ਨਾਲ ਗ਼ਮਲੇ ਟਿਕਾਏ ਹੋਏ ਸਨ। ਇਹ ਡੀ.ਡੀ.ਏ. ਦੇ ਤਿੰਨ ਮੰਜ਼ਲੇ ਫਲੈਟ ਸਨ। ਜ਼ਮੀਨੀ ਮੰਜ਼ਲ ਤੋਂ ਲੈ ਕੇ ਤੀਜੀ ਮੰਜ਼ਲ ਤਕ ਸਭ ਦੀਆਂ ਪਾਣੀ ਦੀਆਂ ਟੈਂਕੀਆਂ ਟੈਰੇਸ 'ਤੇ ਰੱਖੀਆਂ ਹੋਈਆਂ ਸਨ। ਵੰਦਨਾ ਨੇ ਇਕ ਵਾਧੂ ਟੈਂਕੀ ਛੱਤ 'ਤੇ ਰੱਖ ਛੱਡੀ ਸੀ। ਜਿਸ ਵਿਚ ਉਹ




**ਔਖੇ ਸ਼ਬਦਾਂ ਦੇ ਅਰਥ**

ਕੁਮਲਾਏ : ਮੁਰਝਾਏ, ਸੁੱਕੇ
ਮਰੀਅਲ : ਕਮਜ਼ੋਰ

**ਔਖੇ ਸ਼ਬਦਾਂ ਦੇ ਅਰਥ**

ਭਰਮਾਰ : ਬਹੁਤ ਜ਼ਿਆਦਾ
'ਤੇ : ਉੱਤੇ
ਟੌਪ : ਸਭ ਤੋਂ ਉਪਰ
ਆਂਢ-ਗੁਆਂਢ : ਆਲਾ-ਦੁਆਲਾ, ਗੁਆਂਢ, ਪੜੋਸ



ਗ਼ਮਲਿਆਂ ਵਾਸਤੇ ਪਾਣੀ ਜਮ੍ਹਾਂ ਕਰ ਕੇ ਰਖਦੀ। ਜਦੋਂ ਪਾਣੀ ਆ ਰਿਹਾ ਹੁੰਦਾ ਤਾਂ ਉਹ ਪਾਈਪ ਲਾ ਕੇ ਉਸ ਟੈਂਕੀ ਨੂੰ ਭਰ ਲੈਂਦੀ ਤੇ ਫਿਰ ਉਸ ਵਿਚੋਂ ਗ਼ਮਲਿਆਂ ਨੂੰ ਪਾਣੀ ਦਿੰਦੀ ਰਹਿੰਦੀ।

ਵੰਦਨਾ ਭਾਟੀਆ ਉਹਨਾਂ ਦੇ ਹੇਠ ਦੂਜੀ ਮੰਜ਼ਲ ਉੱਤੇ ਰਹਿੰਦੀ ਸੀ। ਉਹਨਾਂ ਦੀ ਆਪਸ ਵਿੱਚ ਚੰਗੀ ਬਣਦੀ ਸੀ। ਉਹ ਛੱਤ ਉੱਤੇ ਆਪਣੀ ਟੈਂਕੀ ਵੇਖਣ ਆਉਂਦੀ, ਕਦੇ ਛੱਤ ਉੱਤੇ ਬੰਨ੍ਹੀਆਂ ਰੱਸੀਆਂ 'ਤੇ ਕੱਪੜੇ ਸੁੱਕਣੇ ਪਾਉਣ ਆਉਂਦੀ ਜਾਂ ਸੁੱਕੇ ਕੱਪੜੇ ਉਤਾਰਣ ਆਉਂਦੀ। ਕਈ ਵਾਰ ਅਰਚਨਾ ਉਹਨੂੰ ਉੱਥੇ ਮਿਲ ਜਾਂਦੀ। ਦੋਵੇਂ ਉੱਥੇ ਖੜ੍ਹੀਆਂ ਗੱਲਾਂ ਕਰਦੀਆਂ ਰਹਿੰਦੀਆਂ। ਕਦੇ ਫੁੱਲ-ਬੂਟਿਆਂ ਬਾਰੇ, ਕਦੇ ਬੱਚਿਆਂ ਬਾਰੇ ਅਤੇ ਕਦੇ ਆਂਢ-ਗੁਆਂਢ ਬਾਰੇ।

ਬੱਚਿਆਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਅਰਚਨਾ ਆਪਣੇ ਪਰਿਵਾਰ ਨਾਲ ਕਈ ਦਿਨਾਂ ਵਾਸਤੇ ਦਿੱਲੀ ਤੋਂ ਪੰਜਾਬ ਚਲੀ ਜਾਂਦੀ। ਜਾਂ ਉਹ ਕਿਤੇ ਹੋਰ ਘੁੰਮਣ-ਫਿਰਨ ਚਲੇ ਜਾਂਦੇ। ਅਰਚਨਾ ਜਾਣ ਲੱਗੀ ਵੰਦਨਾ ਨੂੰ ਕਹਿ ਜਾਂਦੀ, "ਵੰਦਨਾ, ਦੋ ਹਫ਼ਤਿਆਂ ਲਈ ਜਾ ਰਹੀ ਹਾਂ। ਪਿੱਛੋਂ ਮੇਰੇ ਪਲਾਂਟਸ ਦਾ ਧਿਆਨ ਰੱਖਣਾ। ਪਲੀਜ਼ ਉਹਨਾਂ ਨੂੰ ਪਾਣੀ ਦਿੰਦੇ ਰਹਿਣਾ।"

ਵੰਦਨਾ ਅੱਗੋਂ ਮੁਸਕਰਾ ਕੇ ਆਖਦੀ, "ਤੂੰ ਫ਼ਿਕਰ ਨਾ ਕਰ, ਤੇਰੇ ਪਲਾਂਟਸ ਦੀ ਜ਼ਿੰਮੇਵਾਰੀ ਹੁਣ ਮੇਰੀ ਏ। ਮੈਂ ਇਹਨਾਂ ਨੂੰ ਸੁੱਕਣ ਨਹੀਂ ਦਿਆਂਗੀ।"

ਉਹ ਸੱਚਮੁਚ ਉਹਦੇ ਬੂਟਿਆਂ ਨੂੰ ਰੁਜ਼ਾਨਾ ਪਾਣੀ ਦਿੰਦੀ ਰਹੀ। ਜਦੋਂ ਗ਼ਮਲਿਆਂ ਲਈ ਰੱਖੀ ਟੈਂਕੀ ਵਿਚੋਂ ਪਾਣੀ ਮੁੱਕ ਜਾਂਦਾ ਤਾਂ ਉਹ ਆਪਣੀ ਟੈਂਕੀ ਵਿਚੋਂ ਉਸ ਟੈਂਕੀ ਨੂੰ ਭਰ ਦਿੰਦੀ। ਅਰਚਨਾ ਦੇ ਪਰਤਣ ਤਕ ਬੂਟਿਆਂ ਨੂੰ ਹਰਾ-ਭਰਾ ਰੱਖਦੀ।

ਇਹ ਸਿਲਸਿਲਾ ਚਾਰ ਕੁ ਸਾਲ ਤੋਂ ਚਲਦਾ ਆ ਰਿਹਾ ਸੀ, ਜਦੋਂ ਤੋਂ ਉਹ ਇੱਥੇ ਆ ਕੇ ਰਹਿਣ ਲੱਗੇ ਸਨ। ਇਹ ਫ਼ਲੈਟ ਨਵੇਂ ਬਣੇ ਸਨ ਅਤੇ ਪੰਜ ਵਰ੍ਹੇ ਪਹਿਲਾਂ ਹੀ ਇਹਨਾਂ ਦੀ ਅਲਾਟਮੈਂਟ ਹੋਈ ਸੀ। ਅਰਚਨਾ ਦਾ ਪਤੀ ਸੰਜੀਵ ਚੋਪੜਾ ਅਤੇ ਵੰਦਨਾ ਦਾ ਪਤੀ ਰਾਹੁਲ ਭਾਟੀਆ ਦੋਵੇਂ ਹੀ ਸਰਕਾਰੀ ਨੌਕਰੀ ਵਿਚ ਸਨ, ਪਰ ਵੱਖ-ਵੱਖ ਮਹਿਕਮਿਆਂ ਵਿਚ।

ਹੁਣ ਵੰਦਨਾ ਗ਼ਮਲਿਆਂ ਵਿਚਲੇ ਸੁੱਕ ਰਹੇ ਬੂਟਿਆਂ ਨੂੰ ਵੇਖ ਕੇ ਪਰੇਸ਼ਾਨ ਹੋ ਰਹੀ

ਸੀ। ਉਹ ਗ਼ਮਲਿਆਂ ਨੂੰ ਪਾਣੀ ਨਹੀਂ ਪਾਉਣਾ ਚਾਹੁੰਦੀ ਕਿਉਂਕਿ ਹੁਣ ਉਹ ਗੱਲ ਨਹੀਂ ਰਹੀ। ਉਹਨਾਂ ਦੀ ਆਪਸ ਵਿਚ ਅਣਬਣ ਹੋ ਗਈ ਸੀ। ਅਣਬਣ ਹੀ ਨਹੀਂ, ਸਗੋਂ ਉਹਨਾਂ ਦੀ ਲੜਾਈ ਹੋ ਚੁੱਕੀ ਸੀ। ਮਾਮਲਾ ਪੁਲਿਸ ਤਕ ਪੁੱਜਿਆ ਸੀ। ਇਹਦਾ ਕਾਰਣ ਸੀ ਪਾਣੀ ਦੀ ਟੈਂਕੀ। ਇਹਨਾਂ ਫ਼ਲੈਟਾਂ ਦੀਆਂ ਛੱਤਾਂ ਉੱਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਪੰਜ-ਪੰਜ ਸੌ ਲੀਟਰ ਦੀਆਂ ਸਨ। ਪਾਣੀ ਦੀ ਸਪਲਾਈ ਸਿਰਫ਼ ਸੁਬ੍ਹਾ ਇਕ ਵੇਲੇ ਹੀ ਆਉਂਦੀ ਅਤੇ ਪ੍ਰੈਸ਼ਰ ਵੀ ਬਹੁਤ ਘੱਟ ਹੁੰਦਾ। ਛੱਤ ਤਕ ਪਾਣੀ ਪੁੱਜਦਾ ਹੀ ਨਹੀਂ ਸੀ। ਇਸ ਲਈ ਸਭਨਾਂ ਨੇ ਹਜ਼ਾਰ ਲੀਟਰ ਦੀ ਇਕ-ਇਕ ਟੈਂਕੀ ਫਲੈਟਾਂ ਦੇ ਪਿੱਛੇ ਥੱਲੇ ਹੀ ਰੱਖ ਕੇ ਮੋਟਰ-ਪੰਪ ਲਾਏ ਹੋਏ ਸਨ। ਸੁਬ੍ਹਾ ਟੈਂਕੀਆਂ ਭਰ ਲਈਆਂ ਜਾਂਦੀਆਂ। ਛੱਤ ਵਾਲੀਆਂ ਟੈਂਕੀਆਂ ਖ਼ਾਲੀ ਹੋਣ 'ਤੇ ਮੋਟਰ ਚਲਾ ਕੇ ਥੱਲੇ ਵਾਲੀਆਂ ਟੈਂਕੀਆਂ ਵਿਚੋਂ ਭਰ ਲਈਆਂ ਜਾਂਦੀਆਂ।

ਗਰਮੀਆਂ ਵਿਚ ਕਈ ਵਾਰ ਪਾਣੀ ਦੀ ਕਿੱਲਤ ਆ ਜਾਂਦੀ। ਕਿਸੇ ਦਿਨ ਬਿਜਲੀ ਦੇ ਕੱਟ ਕਾਰਣ ਜਾਂ ਕਿਸੇ ਹੋਰ ਵਜ੍ਹਾ ਕਰਕੇ ਸਪਲਾਈ ਨਾ ਆਉਂਦੀ ਤਾਂ ਮੁਸ਼ਕਿਲ ਹੋ ਜਾਂਦੀ। ਵੰਦਨਾ ਦੇ ਘਰ ਇਹ ਮੁਸ਼ਕਲ ਵਧੇਰੇ ਆਉਂਦੀ। ਉਹਨਾਂ ਦਾ ਪਰਿਵਾਰ ਵੱਡਾ ਸੀ। ਉਹਦੇ ਦੋ ਬੱਚਿਆਂ ਤੋਂ ਇਲਾਵਾ ਸੱਸ-ਸਹੁਰਾ ਅਤੇ ਇਕ ਦਿਓਰ ਵੀ ਉਹਨਾਂ ਦੇ ਨਾਲ ਰਹਿੰਦੇ ਸਨ। ਕਈ ਵਾਰ ਮਹਿਮਾਨ ਆ ਜਾਂਦੇ ਤਾਂ ਮੁਸ਼ਕਿਲ ਹੋਰ ਵਧ ਜਾਂਦੀ। ਇਸ ਕਰਕੇ ਵੰਦਨਾ ਅਤੇ ਉਹਦੇ ਪਤੀ ਨੇ ਸਲਾਹ ਬਣਾਈ ਕਿ ਛੱਤ ਵਾਲੀ ਪੰਜ ਸੌ ਲੀਟਰ ਦੀ ਟੈਂਕੀ ਹਟਾ ਕੇ ਉੱਥੇ ਇਕ ਹਜ਼ਾਰ ਲੀਟਰ ਦੀ ਟੈਂਕੀ ਰੱਖ ਦੇਣ।

ਉਹ ਇਕ ਛੁੱਟੀ ਵਾਲੇ ਦਿਨ ਨਵੀਂ ਪਲਾਸਟਿਕ ਦੀ ਟੈਂਕੀ ਖ਼ਰੀਦ ਲਿਆਏ। ਪਲੰਬਰ ਨੂੰ ਸੱਦ ਲਿਆ ਗਿਆ। ਜਦੋਂ ਟੈਂਕੀ ਫਿੱਟ ਕਰਨ ਲੱਗੇ ਤਾਂ ਅਰਚਨਾ ਨੂੰ ਪਤਾ ਨਹੀਂ ਕੀ ਹੋ ਗਿਆ। ਸ਼ਾਇਦ ਉਹ ਟੌਪ ਫਲੋਰ 'ਤੇ ਰਹਿਣ ਕਰਕੇ ਆਪਣੇ ਆਪ ਨੂੰ ਛੱਤ ਦੀ ਮਾਲਕਣ ਸਮਝਣ ਲੱਗ ਪਈ ਸੀ। ਉਸ ਤੋਂ ਇਹ ਬਰਦਾਸ਼ਤ ਨਾ ਹੋਇਆ ਕਿ ਕੋਈ ਉਹਨਾਂ ਨੂੰ ਬਿਨਾਂ ਪੁੱਛੇ ਹੀ ਛੱਤ ਉੱਤੇ ਟੈਂਕੀ ਲਾ ਰਿਹਾ ਹੈ। ਉਹਨੇ ਛੱਤ ਉੱਤੇ ਆ ਕੇ ਉਹਨਾਂ ਨੂੰ ਟੈਂਕੀ ਲਾਉਣ ਤੋਂ ਰੋਕਣ ਲਈ ਲੜਨਾ ਸ਼ੁਰੂ ਕਰ ਦਿੱਤਾ, "ਤੁਸੀਂ ਇਹ ਟੈਂਕੀ ਨਹੀਂ ਲਾ ਸਕਦੇ। ਮੈਂ ਤੁਹਾਨੂੰ ਇਹ ਟੈਂਕੀ ਨਹੀਂ ਲਾਣ ਦਿਆਂਗੀ।" ਉਹ ਉੱਚੀ-ਉੱਚੀ ਬੋਲਣ ਲੱਗੀ।

ਵੰਦਨਾ ਅਤੇ ਉਹਦਾ ਪਤੀ ਹੈਰਾਨ ਰਹਿ ਗਏ। ਉਹਨਾਂ ਨੇ ਤਾਂ ਸੋਚਿਆ ਵੀ ਨਹੀਂ ਸੀ ਕਿ ਅਰਚਨਾ ਉਹਨਾਂ ਨਾਲ ਲੜਨ ਆ ਜਾਵੇਗੀ। ਉਹਨਾਂ ਨੇ ਉਸ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਵੰਦਨਾ ਦਾ ਪਤੀ ਸੰਜੀਵ ਬੋਲਿਆ, "ਅਸੀਂ ਦੋ ਟੈਂਕੀਆਂ ਨਹੀਂ ਲਾ ਰਹੇ। ਅਸੀਂ ਆਪਣੀ ਛੋਟੀ ਟੈਂਕੀ ਹਟਾ ਕੇ ਉਸ ਦੀ ਜਗ੍ਹਾ 'ਤੇ ਹੀ ਨਵੀਂ ਟੈਂਕੀ ਲਾ ਰਹੇ ਹਾਂ।" ਵੰਦਨਾ ਤਰਲੇ ਕਰਦੀ ਹੋਈ ਆਖ ਰਹੀ ਸੀ, 'ਅਖੇ ਜਿਸ ਤਨ ਲਾਗੇ, ਸੋ ਤਨ ਜਾਣੇ'।

ਅਰਚਨਾ ਨੇ ਇਕ ਨਾ ਸੁਣੀ। ਉਹ ਉਸੇ ਤਰ੍ਹਾਂ ਰੌਲਾ ਪਾਉਂਦੀ ਰਹੀ। ਫਿਰ ਉਹਨੇ ਫ਼ੋਨ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਪਰਤਣ | : ਵਾਪਸ ਆਉਣ |
| ਮਹਿਕਮਿਆਂ | : ਵਿਭਾਗਾਂ |
| ਅਣਬਣ | : ਲੜਾਈ ਝਗੜਾ |
| ਸੁਬ੍ਹਾ | : ਸਵੇਰੇ |
| ਕਿੱਲਤ | : ਘਾਟ, ਕਮੀ, ਥੁੜ |

**ਔਖੇ ਸ਼ਬਦਾਂ ਦੇ ਅਰਥ**

ਧਿਰਾਂ : ਧੜਿਆਂ, ਜੁੱਟਾਂ

ਬੋਲਚਾਲ : ਗੱਲਬਾਤ



ਕਰਕੇ ਆਪਣੇ ਪਤੀ ਰਾਹੁਲ ਨੂੰ ਸੱਦ ਲਿਆ, ਜੋ ਉਸ ਵੇਲੇ ਬਾਜ਼ਾਰ ਗਿਆ ਹੋਇਆ ਸੀ। ਫਿਰ ਉਹ ਪਤੀ-ਪਤਨੀ ਦੋਵੇਂ ਉਹਨਾਂ ਨਾਲ ਲੜਨ ਲੱਗੇ। ਰੌਲਾ ਸੁਣ ਕੇ ਹੋਰ ਆਂਢੀ-ਗੁਆਂਢੀ ਵੀ ਛੱਤ 'ਤੇ ਆ ਗਏ। ਉਹਨਾਂ ਨੇ ਵੀ ਦੋਹਾਂ ਧਿਰਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ। ਪਰ ਰਾਹੁਲ ਬੋਲਿਆ, "ਫੌਰਨ ਨਵੀਂ ਟੈਂਕੀ ਇੱਥੋਂ ਹਟਾ ਦਿਓ, ਨਹੀਂ ਤਾਂ ਮੈਂ ਪੁਲਿਸ ਬੁਲਾ ਲਵਾਂਗਾ।"

ਸੰਜੀਵ ਅਤੇ ਵੰਦਨਾ ਨੇ ਟੈਂਕੀ ਹਟਾਉਣ ਤੋਂ ਮਨ੍ਹਾਂ ਕਰ ਦਿੱਤਾ। ਰਾਹੁਲ ਨੇ ਸੱਚਮੁਚ ਫ਼ੋਨ ਕਰਕੇ ਪੁਲਿਸ ਨੂੰ ਬੁਲਾ ਲਿਆ। ਪੁਲਿਸ ਆ ਗਈ। ਸੰਜੀਵ ਦੀ ਟੈਂਕੀ ਪੁਲਿਸ ਦੇ ਆਉਣ ਤੋਂ ਪਹਿਲਾਂ ਹੀ ਲੱਗ ਚੁੱਕੀ ਸੀ। ਪੁਲਿਸ ਨੇ ਦੋਵਾਂ ਧਿਰਾਂ ਦੀ ਗੱਲ ਸੁਣੀ। ਉਹਨਾਂ ਵੇਖਿਆ ਕਿ ਰਾਹੁਲ ਉਹਨਾਂ ਦੀ ਨਵੀਂ ਵੱਡੀ ਟੈਂਕੀ ਨੂੰ ਹਟਾਉਣਾ ਚਾਹੁੰਦਾ ਹੈ, ਜਦੋਂ ਕਿ ਆਪ ਉਹਨੇ ਇਕ ਹੋਰ ਟੈਂਕੀ ਗ਼ਮਲਿਆਂ ਨੂੰ ਪਾਣੀ ਦੇਣ ਲਈ ਛੱਤ 'ਤੇ ਰੱਖੀ ਹੋਈ ਹੈ। ਪੁਲਿਸ ਵਾਲਿਆਂ ਨੇ ਦੋਵਾਂ ਨੂੰ ਸਮਝਾਇਆ ਅਤੇ ਉਹਨਾਂ ਦਾ ਸਮਝੌਤਾ ਕਰਵਾ ਦਿੱਤਾ। ਸੰਜੀਵ ਦੀ ਟੈਂਕੀ ਉਸੇ ਤਰ੍ਹਾਂ ਲੱਗੀ ਰਹਿਣ ਦਿੱਤੀ ਗਈ।

ਭਾਵੇਂ ਉਹਨਾਂ ਦਾ ਸਮਝੌਤਾ ਹੋ ਗਿਆ। ਦੋਵਾਂ ਨੇ ਪੁਲਿਸ ਦੇ ਸਾਹਮਣੇ ਹੱਥ ਮਿਲਾ ਲਏ ਸਨ। ਪਰ ਉਹਨਾਂ ਦੋਵਾਂ ਪਰਿਵਾਰਾਂ ਵਿਚ ਪਹਿਲਾਂ ਵਾਲਾ ਮੇਲ-ਮਿਲਾਪ ਨਾ ਰਿਹਾ। ਉਹਨਾਂ ਦੀ ਬੋਲਚਾਲ ਬੰਦ ਹੋ ਗਈ।

ਇਸ ਗੱਲ ਨੂੰ ਚਾਰ-ਪੰਜ ਮਹੀਨੇ ਹੋ ਗਏ ਸਨ। ਹੁਣ ਗਰਮੀਆਂ ਦੀਆਂ ਛੁੱਟੀਆਂ ਆਈਆਂ ਤਾਂ ਫਿਰ ਰਾਹੁਲ ਚੋਪੜਾ ਆਪਣੇ ਪੂਰੇ ਪਰਿਵਾਰ ਨਾਲ ਕਿਤੇ ਬਾਹਰ ਚਲਾ ਗਿਆ। ਇਸ ਵਾਰ ਜਾਣ ਤੋਂ ਪਹਿਲਾਂ ਨਾ ਤਾਂ ਅਰਚਨਾ ਨੇ ਵੰਦਨਾ ਨੂੰ ਇਹ ਦੱਸਿਆ ਕਿ ਉਹ ਕਿੱਥੇ ਅਤੇ ਕਿੰਨੇ ਦਿਨਾਂ ਵਾਸਤੇ ਜਾ ਰਹੇ ਹਨ ਤੇ ਨਾ ਹੀ ਉਹਨੂੰ ਫੁੱਲ-ਬੂਟਿਆਂ ਨੂੰ ਪਾਣੀ ਪਾਉਣ ਲਈ ਆਖਿਆ।

ਵੰਦਨਾ ਨੂੰ ਵੀ ਇਸ ਗੱਲ ਦਾ ਗੁੱਸਾ ਸੀ ਕਿ ਅਰਚਨਾ ਉਸ ਨੂੰ ਆਕੜ ਦੀ ਮਾਰੀ ਆਖ ਕੇ ਨਹੀਂ ਗਈ। ਇਸ ਲਈ ਉਹ ਵੀ ਬੂਟਿਆਂ ਨੂੰ ਪਾਣੀ ਨਹੀਂ ਦੇਵੇਗੀ। ਪਹਿਲਾਂ ਤਾਂ ਉਹਨੇ ਸੋਚਿਆ ਕਿ ਸ਼ਾਇਦ ਕਿਸੇ ਦੂਜੇ ਗਵਾਂਢੀ ਨੂੰ ਕਹਿ ਗਈ ਹੋਵੇਗੀ। ਸ਼ਾਇਦ ਕੋਈ ਨਾ ਕੋਈ ਆ ਕੇ ਗ਼ਮਲਿਆਂ 'ਚ ਪਾਣੀ ਪਾ ਜਾਵੇਗਾ। ਫਿਰ ਉਹਨੇ ਵੇਖਿਆ ਕਿ ਤਿੰਨ-ਚਾਰ ਦਿਨ ਤਕ ਕਿਸੇ ਨੇ ਪਾਣੀ ਨਹੀਂ ਦਿੱਤਾ। ਬੂਟੇ ਕੁਮਲਾ ਰਹੇ ਹਨ। ਉਹ ਫ਼ਿਕਰਮੰਦ ਹੋ ਗਈ। ਫਿਰ

ਉਹ ਸੋਚਦੀ ਰਹੀ ਕਿ ਹੋ ਸਕਦਾ ਹੈ ਇਸ ਵਾਰ ਉਹ ਛੇਤੀ ਵਾਪਸ ਆ ਜਾਣ। ਇਕ ਦਿਨ ਅਸਮਾਨ 'ਤੇ ਛਾਈ ਘਟਾ ਨੂੰ ਵੇਖ ਕੇ ਉਸ ਨੇ ਸੋਚਿਆ ਸ਼ਾਇਦ ਅੱਜ-ਭਲਕ ਮੀਂਹ ਹੀ ਆ ਜਾਵੇ ਅਤੇ ਬੂਟਿਆਂ ਨੂੰ ਪਾਣੀ ਦੇਣਾ ਹੀ ਨਾ ਪਵੇ।

ਇਕ ਦਿਨ ਉਹਨੇ ਆਪਣੇ ਪਤੀ ਨੂੰ ਕਿਹਾ, "ਹਾਏ ! ਵੇਖੋ ਅਰਚਨਾ ਦੇ ਸਾਰੇ ਪਲਾਂਟਸ ਸੁੱਕ ਰਹੇ ਨੇ। ਕੋਈ ਪਾਣੀ ਨਹੀਂ ਪਾ ਰਿਹਾ। ਮੈਂ ਤਾਂ ਆਪ ਨਹੀਂ ਪਾਂਦੀ ਪਾਣੀ। ਮੈਨੂੰ ਕਿਹੜਾ ਉਹ ਕਹਿ ਕੇ ਗਈ ਏ। ਜੇ ਉਹਦੇ 'ਚ ਏਨੀ ਆਕੜ ਏ ਤਾਂ ਉਹਦੇ ਪਲਾਂਟਸ ਸਾਡੇ ਕੀ ਲਗਦੇ ਨੇ। ਸੁਕਦੇ ਪਏ ਨੇ ਤਾਂ ਸੁੱਕਣ ਸਾਨੂੰ ਕੀ ?"

ਸੰਜੀਵ ਚੁੱਪਚਾਪ ਸੁਣਦਾ ਰਿਹਾ ਅਤੇ ਫਿਰ ਉਹ ਵੀ ਉਹਦੀ ਹਾਂ ਵਿਚ ਹਾਂ ਮਿਲਾਉਂਦਾ ਬੋਲਿਆ, "ਆਪਾਂ ਕੀ ਲੈਣਾ ਏ ਉਹਦੇ ਬਗੀਚੇ ਤੋਂ। ਸੁੱਕ ਜਾਣ ਦੇ ਪਰਾਂ ! ਉਦੋਂ ਕਿਵੇਂ ਬੋਲਦੀ ਸੀ ਚਵਰ-ਚਵਰ ! ... ਟੈਂਸ਼ਨ ਲੈਣ ਦੀ ਕੋਈ ਲੋੜ ਨਹੀਂ।"

ਪਰ ਵੰਦਨਾ ਛੱਤ ਉੱਤੇ ਜਾਂਦੀ ਤਾਂ ਉਹਨੂੰ ਸੁੱਕ ਰਹੇ ਬੂਟਿਆਂ ਨੂੰ ਵੇਖ ਕੇ ਤਰਸ ਆਉਣ ਲਗਦਾ। ਪਰ ਅਗਲੇ ਹੀ ਪਲ ਉਹਨੂੰ ਗੁੱਸਾ ਚੜ੍ਹ ਜਾਂਦਾ, "ਮੈਂ ਕੀ ਲੈਣਾ ਏ।"

ਲਗਪਗ ਇਕ ਹਫ਼ਤਾ ਹੋ ਗਿਆ। ਨਾ ਕਿਸੇ ਗਵਾਂਢੀ ਨੇ ਬੂਟਿਆਂ ਨੂੰ ਪਾਣੀ ਪਾਇਆ, ਨਾ ਹੀ ਅਰਚਨਾ ਵਾਪਸ ਮੁੜੀ ਅਤੇ ਨਾ ਹੀ ਮੀਂਹ ਆਇਆ। ਵੰਦਨਾ ਨੇ ਅਸਮਾਨ ਵੱਲ ਵੇਖਿਆ ਅਸਮਾਨ ਸਾਫ਼ ਸੀ। ਬੱਦਲਾਂ ਦਾ ਕਿਧਰੇ ਨਾਮੋ-ਨਿਸ਼ਾਨ ਨਹੀਂ ਸੀ। ਗਰਮੀ ਨਾਲ ਬੂਟੇ ਝੁਲਸ ਗਏ ਸਨ। ਕਈ ਛੋਟੇ ਬੂਟੇ ਬਿਲਕੁਲ ਸੁੱਕ ਗਏ ਸਨ। ਵੇਖ ਕੇ ਵੰਦਨਾ ਤੋਂ ਰਿਹਾ ਨਾ ਗਿਆ। ਉਹ ਮਨ ਤੋਂ ਬਹੁਤ ਜ਼ਿਆਦਾ ਦਿਆਲੂ ਸੀ। ਉਸ ਨੇ ਮਨ ਹੀ ਮਨ ਸੋਚਿਆ 'ਐਵੇਂ ਗਿੱਲਾ ਪੀਹਣ ਨਹੀਂ ਪਾਈਦਾ'। ਚੱਲ ਹੋਊ ਛੱਡ ਪਰ੍ਹੇ। ਉਹਨੇ ਟੈਂਕੀ ਕੋਲ ਮੂਧੀ ਪਈ ਬਾਲਟੀ ਚੁੱਕੀ ਅਤੇ ਟੈਂਕੀ ਖੋਲ੍ਹ ਕੇ ਬੂਟਿਆਂ ਨੂੰ ਪਾਣੀ ਦੇਣ ਲੱਗ ਪਈ।

ਜਦੋਂ ਵੰਦਨਾ ਨੂੰ ਕਾਫ਼ੀ ਚਿਰ ਹੋ ਗਿਆ ਤਾਂ ਸੰਜੀਵ ਨੂੰ ਚਿੰਤਾ ਹੋਣ ਲੱਗੀ ਕਿ ਵੰਦਨਾ ਸੁੱਕੇ ਕੱਪੜੇ ਉਤਾਰਨ ਗਈ ਅਜੇ ਤਕ ਵਾਪਸ ਕਿਉਂ ਨਹੀਂ ਆਈ ? ਵੰਦਨਾ ਨੂੰ ਵੇਖਣ ਉਹ ਛੱਤ ਉੱਤੇ ਆ ਗਿਆ। ਉਹ ਗ਼ਮਲਿਆਂ ਨੂੰ ਪਾਣੀ ਪਾ ਰਹੀ ਵੰਦਨਾ ਨੂੰ ਵੇਖ ਕੇ ਹੱਕਾ-ਬੱਕਾ ਰਹਿ ਗਿਆ। ਇਸ ਤੋਂ ਪਹਿਲਾਂ ਕਿ ਉਹ ਵੰਦਨਾ ਨੂੰ ਕੁਝ ਕਹਿੰਦਾ, ਉਹ ਸੰਜੀਵ ਨੂੰ ਵੇਖ ਕੇ ਬੋਲੀ, "ਮੈਂ ਸੋਚਿਆ ਉਹ ਤਾਂ ਹੈ ਈ ਇਹੋ-ਜਿਹੇ। ਆਪਣੀ ਲੜਾਈ ਤਾਂ ਉਹਨਾਂ ਨਾਲ ਹੋਈ ਏ। ਇਹਨਾਂ ਵਿਚਾਰੇ ਪਲਾਂਟਸ ਨਾਲ ਤਾਂ ਸਾਡੀ ਕੋਈ ਦੁਸ਼ਮਣੀ ਨਹੀਂ।"

ਸੁਣ ਕੇ ਸੰਜੀਵ 'ਵਾਹ ! ਵਾਹ !' ਕਰਦਾ ਮੁਸਕਰਾਉਣ ਲੱਗਿਆ।

## ਟਿੱਪਣੀ

'ਦੁਸ਼ਮਣੀ' ਕੁਦਰਤ ਨੂੰ ਸਮਰਪਿਤ ਕਹਾਣੀ ਹੈ। ਇਸ ਰਾਹੀਂ ਦਿੱਲੀ ਵਰਗੇ ਮਹਾਂਨਗਰੀ ਜੀਵਨ ਵਿਚ ਪੌਦਿਆਂ ਦੀ ਮਹੱਤਤਾ ਨੂੰ ਬਾਖ਼ੂਬੀ ਦਰਸਾਉਣ ਦਾ ਜਤਨ ਕੀਤਾ ਗਿਆ ਹੈ। ਇਸ ਦੇ ਕਥਾਨਕ ਅਨੁਸਾਰ ਦੋ ਪਰਿਵਾਰ ਇਸ ਦੇ ਪਾਤਰ ਹਨ। ਪਰ ਇਹ ਕਹਾਣੀ ਅਰਚਨਾ

### ਔਖੇ ਸ਼ਬਦਾਂ ਦੇ ਅਰਥ

| | |
|---|---|
| ਆਕੜ | : ਹੰਕਾਰ, ਕਠੋਰਤਾ |
| ਘਟਾ | : ਬੱਦਲ |
| ਝੁਲਸ | : ਸੜਨਾ, ਮੁਰਝਾ ਜਾਣਾ |
| ਹੱਕਾ-ਬੱਕਾ | : ਹੈਰਾਨ, ਅਚੰਭਿਤ |

ਚੋਪੜਾ ਤੇ ਵੰਦਨਾ ਭਾਟੀਆ ਦੇ ਕਾਰ-ਵਿਹਾਰ ਦੁਆਲੇ ਘੁੰਮਦੀ ਹੈ। ਦੂਜੇ ਪਾਸੇ ਫੁੱਲ-ਬੂਟੇ ਇਸ ਦੇ ਕੇਂਦਰ ਵਿਚ ਹਨ। ਉਪਰੋਕਤ ਦੋਵੇਂ ਪਾਤਰ ਪੌਦਿਆਂ ਨੂੰ ਪਿਆਰ ਕਰਦੇ ਹਨ। ਦੋਵਾਂ ਦੀ ਆਪਸੀ ਦੋਸਤੀ ਵੀ ਬਹੁਤ ਗੂੜ੍ਹੀ ਹੈ। ਅਰਚਨਾ ਨੇ ਟੈਰੇਸ (ਛੱਤ) ਉੱਪਰ ਗ਼ਮਲਿਆਂ ਵਿਚ 'ਫੁੱਲ-ਬੂਟੇ' ਲਾਏ ਹੋਏ ਹਨ। ਪਾਣੀ ਨਾਲ ਪੌਦਿਆਂ ਦੀ ਸਾਂਭ-ਸੰਭਾਲ ਕਰਕੇ ਉਨ੍ਹਾਂ ਦੇ ਵਿਚਾਰ ਕਾਫ਼ੀ ਮਿਲਦੇ-ਜੁਲਦੇ ਹਨ। ਅਰਚਨਾ ਚੋਪੜਾ ਦੀ ਗ਼ੈਰ ਹਾਜ਼ਰੀ ਵਿਚ ਵੰਦਨਾ ਉਸ ਦੇ 'ਪਲਾਂਟਸ' ਨੂੰ ਪਾਣੀ ਦਿੰਦੀ ਹੈ। ਪਰ ਛੱਤ ਉੱਪਰ ਪਾਣੀ ਦੀ ਟੈਂਕੀ ਬਦਲਣ ਨੂੰ ਲੈ ਕੇ ਦੋਵਾਂ ਪਰਿਵਾਰਾਂ ਵਿਚ ਝਗੜਾ ਹੋ ਜਾਂਦਾ ਹੈ। ਗੱਲ ਪੁਲਿਸ ਤਕ ਪਹੁੰਚ ਜਾਂਦੀ ਹੈ। ਹੁਣ ਅਰਚਨਾ ਦੀ ਗ਼ੈਰ-ਹਾਜ਼ਰੀ ਵਿਚ ਵੰਦਨਾ ਉਸ ਦੇ ਪੌਦਿਆਂ ਨੂੰ ਪਾਣੀ ਨਹੀਂ ਦੇਣਾ ਚਾਹੁੰਦੀ ਪਰ ਕੁਮਲਾਉਂਦੇ ਬੂਟਿਆਂ ਨੂੰ ਵੇਖ ਕੇ ਉਸ ਦਾ ਮਨ ਪਸੀਜ ਜਾਂਦਾ ਹੈ। ਉਹ ਬੂਟਿਆਂ ਨੂੰ ਪਾਣੀ ਦੇਣ ਲਈ ਰਾਜ਼ੀ ਹੋ ਜਾਂਦੀ ਹੈ।

**ਬਲਵਿੰਦਰ ਸਿੰਘ ਬਰਾੜ**

## ਅਭਿਆਸ

**1. ਦੱਸੋ ਖਾਂ ਭਲਾ :**

(i) ਅਰਚਨਾ ਚੋਪੜਾ ਕਿਹੜੇ ਫਲੋਰ ਉੱਤੇ ਰਹਿੰਦੀ ਸੀ ?

(ii) ਵੰਦਨਾ ਨੇ ਛੱਤ ਉੱਪਰ ਵਾਧੂ ਟੈਂਕੀ ਕਿਉਂ ਰੱਖੀ ਹੋਈ ਸੀ ?

(iii) ਅਰਚਨਾ ਅਤੇ ਵੰਦਨਾ ਮਿਲ ਕੇ ਕਿਹੋ-ਜਿਹੀਆਂ ਗੱਲਾਂ ਕਰਦੀਆਂ ਸਨ ?

(iv) ਦੋਵਾਂ ਗੁਆਂਢਣਾਂ ਵਿਚ ਅਣਬਣ ਦਾ ਕੀ ਕਾਰਨ ਸੀ ?

(v) "ਤੁਸੀਂ ਇਹ ਟੈਂਕੀ ਨਹੀਂ ਲਾ ਸਕਦੇ। ਮੈਂ ਤੁਹਾਨੂੰ ਇਹ ਟੈਂਕੀ ਨਹੀਂ ਲਾਣ ਦਿਆਂਗੀ।" ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

(vi) ਅਸਮਾਨ ਵਿਚ ਘਟਾ ਛਾਉਣ ਨਾਲ ਵੰਦਨਾ ਦੇ ਮਨ ਵਿਚ ਕਿਸ ਤਰ੍ਹਾਂ ਦੇ ਵਿਚਾਰ ਪੈਦਾ ਹੁੰਦੇ ਹਨ ?

(vii) ਪੁਲਿਸ ਨੂੰ ਕੌਣ ਬੁਲਾਉਂਦਾ ਹੈ ਤੇ ਕਿਉਂ ?

(viii) ਵੰਦਨਾ, ਪੌਦਿਆਂ ਨੂੰ ਪਾਣੀ ਕਿਉਂ ਦੇਣ ਲਈ ਰਾਜ਼ੀ ਹੋ ਗਈ ?

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਉਪਰੋਕਤ ਕਹਾਣੀ ਪੜ੍ਹ ਕੇ ਤੁਹਾਡੇ ਮਨ ਵਿਚ ਕਿਹੋ ਜਿਹੇ ਵਿਚਾਰ ਪੈਦਾ ਹੋਏ ਹਨ ? ਵਿਸਤਾਰ ਸਹਿਤ ਲਿਖੋ।

(ii) ਕੀ ਤੁਸੀਂ ਕਦੇ ਫੁੱਲ-ਬੂਟੇ ਲਗਾਏ ਹਨ ? ਇਸ ਤਜ਼ਰਬੇ ਨੂੰ ਆਪਣੇ ਸ਼ਬਦਾਂ ਵਿਚ ਲਿਖੋ।

(iii) ਕਹਾਣੀ ਨੂੰ ਧਿਆਨ ਨਾਲ ਪੜ੍ਹ ਕੇ ਵੰਦਨਾ ਤੇ ਅਰਚਨਾ ਦੀ ਫੁੱਲ-ਬੂਟਿਆਂ ਨਾਲ ਗੁਜ਼ਰਦੀ ਜ਼ਿੰਦਗੀ ਬਾਰੇ ਇਕ ਪ੍ਰੋਜੈਕਟ ਤਿਆਰ ਕਰੋ।

(iv) ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਕੁਦਰਤ ਮਨੁੱਖਾਂ ਵਿਚਕਾਰ ਨਫ਼ਰਤ ਘੱਟ ਕਰਨ ਵਿਚ ਸਹਾਈ ਹੁੰਦੀ ਹੈ ? ਇਸ ਬਾਰੇ ਆਪਣੇ ਵਿਚਾਰ ਲਿਖੋ।

(v) ਸ਼ਹਿਰਾਂ ਵਿਚ ਫੁੱਲ-ਬੂਟਿਆਂ ਲਈ ਥਾਂ ਦੀ ਘਾਟ ਹੁੰਦੀ ਜਾ ਰਹੀ ਹੈ। ਇਨ੍ਹਾਂ ਦੇ ਪਾਲਣ-ਪੋਸ਼ਣ ਨੂੰ ਉਤਸਾਹਤ ਕਰਨ ਲਈ ਆਪਣੇ ਸੁਝਾਅ ਦਿਉ।

**ਅ. ਹੇਠ ਲਿਖੇ ਨਿਰਦੇਸ਼ਾਂ ਅਨੁਸਾਰ ਉੱਤਰ ਦਿਉ :**

(i) ਕਹਾਣੀ ਵਿਚ 'ਹਾਏ !' ਤੇ 'ਵਾਹ ! ਵਾਹ !' ਵਰਗੇ ਵਿਸਮਿਕ ਸ਼ਬਦ ਵਰਤੇ ਗਏ ਹਨ। ਇਹੋ ਜਿਹੋ ਹੋਰ ਵਿਸਮਿਕ ਸ਼ਬਦਾਂ ਦੀ ਸੂਚੀ ਬਣਾਉ।

(ii) ਹੇਠ ਲਿਖੇ ਵਿਸਮਿਕ ਵਾਕ ਦੀ ਕਿਸਮ ਦੱਸੋ :
'ਸੁਣੋ ਜੀ ! ਇਨ੍ਹਾਂ ਪੌਦਿਆਂ ਦੀ ਵੀ ਪੁਕਾਰ ਸੁਣੋ।'
(ੳ) ਸੂਚਨਾ-ਵਾਚਕ, (ਅ) ਇੱਛਿਆ-ਵਾਚਕ, (ੲ) ਸਤਿਕਾਰ-ਵਾਚਕ

**ੲ. (i) ਹੇਠ ਲਿਖਿਆਂ ਵਿਚੋਂ ਸਹੀ ਸਮਾਸੀ ਸ਼ਬਦ ਕਿਹੜਾ ਹੈ ?**

(ੳ) ਨਵੀਂ-ਟੈਂਕੀ (ਅ) ਉੱਚੀ-ਉੱਚੀ
(ੲ) ਹਜ਼ਾਰ-ਲੀਟਰ (ਸ) ਕਾਫ਼ੀ-ਚਿਰ

(ii) ਕਹਾਣੀ ਵਿਚੋਂ ਸਮਾਸੀ ਸ਼ਬਦਾਂ ਨੂੰ ਲੱਭ ਕੇ ਉਨ੍ਹਾਂ ਦੇ ਵਾਕ ਬਣਾਉ।

**ਸ. ਹੇਠਾਂ ਦਿੱਤੇ ਅਖਾਣਾਂ ਨੂੰ ਪੂਰਾ ਕਰੋ :**

(i) ਜਿਸ ਤਨ ..., ਸੋ ਤਨ ਜਾਣੇ।
(ੳ) ਦਰਦ (ਅ) ਥਕਾਵਟ
(ੲ) ਲਾਗੇ (ਸ) ਗੰਦਗੀ

(ii) ਛੱਜ ਤਾਂ ਬੋਲੇ, ... ਵੀ ਬੋਲੇ।
(ੳ) ਛਾਣਨੀ (ਅ) ਕੂੰਡਾ
(ੲ) ਤੌੜਾ (ਸ) ਛਿੱਕਾ

(iii) ਕਿਸੇ ਗੱਲ ਨੂੰ ਹੋਰ ਵਧਾਉਣ ਤੋਂ ਰੋਕਣ ਲਈ ਕਿਹੜੇ ਅਖਾਣ ਦੀ ਵਰਤੋਂ ਹੁੰਦੀ ਹੈ–
(ੳ) ਖੰਭਾਂ ਦੀ ਡਾਰ ਬਣਦੀ ਹੈ
(ਅ) ਗਿੱਲਾ ਪੀਹਣ ਨਹੀਂ ਪਾਈਦਾ
(ੲ) ਗਲ ਪਿਆ ਢੋਲ ਵਜਾਉਣਾ ਹੀ ਪੈਂਦਾ ਹੈ
(ਸ) ਜਿਉਂ-ਜਿਉਂ ਭਿੱਜੇ ਕੰਬਲੀ, ਤਿਉਂ-ਤਿਉਂ ਭਾਰੀ ਹੋਏ

**ਹ. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ :**

(i) 'ਸਬ' ਅਗੇਤਰ ਦਾ ਸਹੀ ਸ਼ਬਦ ਚੁਣੋ -

(ੳ) ਸਬਜੈਕਟ (ਅ) ਸ਼ਬਦਾਵਲੀ

(ੲ) ਸਬ-ਇੰਸਪੈਕਟਰ (ਸ) ਸਬ-ਬੱਦਲ

(ii) 'ਗ਼ੈਰ' ਅਗੇਤਰ ਵਾਲਾ ਸਹੀ ਸ਼ਬਦ ਚੁਣੋ-

(ੳ) ਗ਼ੈਰ-ਸਰਕਾਰੀ (ਅ) ਗ਼ੈਰ-ਚੁਰਾਹਾ

(ੲ) ਗ਼ੈਰਤ (ਸ) ਗੈਰਾਜ

(iii) 'ਤਾਈ' ਪਿਛੇਤਰ ਦਾ ਸਹੀ ਸ਼ਬਦ ਚੁਣੋ-

(ੳ) ਸਖ਼ਤਾਈ (ਅ) ਸ਼ਰਮਾਈ

(ੲ) ਮੂਰਖਤਾਈ (ਸ) ਸਿੱਖਿਆਤਾਈ

(iv) 'ਆਲੂ' ਪਿਛੇਤਰ ਵਾਲਾ ਸਹੀ ਸ਼ਬਦ ਚੁਣੋ-

(ੳ) ਦਿਆਲੂ (ਅ) ਚਾਲੂ

(ਸ) ਜਾਦੂਗਰਾਲੂ (ੲ) ਭੁੱਖੜਾਲੂ